**Series ΨYZXW** **Set-4**

**Q.P. Code 6**

Roll No. ☐☐☐☐☐☐☐☐

Candidates must write the Q.P. Code on the title page of the answer-book.

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* *ਪੂਰਨ ਅੰਕ : **80***

*Time allowed : **3** hours* *Maximum Marks : **80***

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **11** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।
- Please check that this question paper contains **11** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

*



Download from www.MsEducationTv.com

***ਆਮ ਨਿਰਦੇਸ਼ :***

*ਹੇਠ ਲਿਖੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਇਸ ਪ੍ਰਸ਼ਨ-ਪੱਤਰ ਦੇ ਕੁੱਲ **ਚਾਰ** ਭਾਗ ਹਨ – I – ਪੜ੍ਹਨ ਕੌਸ਼ਲ, II – ਵਿਆਕਰਨ, III – ਪ੍ਰਭਾਵਸ਼ਾਲੀ ਲਿਖਣ ਕੌਸ਼ਲ ਅਤੇ IV – ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।*
- ***ਭਾਗ–I** – ਪੜ੍ਹਨ ਕੌਸ਼ਲ ਵਿੱਚ ਕੁੱਲ **ਦੋ** (2) ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ–II** – ਵਿਆਕਰਨ ਵਿੱਚ ਕੁੱਲ **ਪੰਜ** (5) ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ–III** – ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ **ਤਿੰਨ** (3) ਪ੍ਰਸ਼ਨ ਹਨ । ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੀ ਚੋਣ ਅਤੇ ਨਿਰਦੇਸ਼ ਅਨੁਸਾਰ ਹੱਲ ਕਰਨਾ ਹੈ ।*
- ***ਭਾਗ–IV** – ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਦਾ ਹੈ ਜਿਸ ਵਿੱਚ ਕੁੱਲ **ਪੰਜ** (5) ਪ੍ਰਸ਼ਨ ਹਨ । ਇਹਨਾਂ ਨੂੰ ਵੀ ਹਰ ਪ੍ਰਸ਼ਨ ਦੇ ਹੇਠ ਦਿੱਤੇ ਨਿਰਦੇਸ਼ਾਂ ਅਤੇ ਚੋਣ ਅਨੁਸਾਰ ਹੱਲ ਕੀਤਾ ਜਾਵੇ ।*

***General Instructions :***

*Read the following instructions carefully and follow them :*

- *This question paper contains **four** parts – I – Reading Skill, II – Grammar, III – Writing Skill and IV – Text-Book Based Questions.*
- ***Part–I** – Reading Skill consist **two** questions. Attempt both questions based on specific instructions given in the question itself.*
- ***Part–II** – Grammar contains **five** questions. Attempt all questions based on specific instructions and given choice.*
- ***Part–III** – Writing Skill consist **three** questions. Attempt questions as per the instructions and given choice.*
- ***Part–IV** – Text-Book Based Questions contains **five** questions. Attempt all questions as per the instructions and choice.*



Download from www.MsEducationTv.com

## ਭਾਗ–I : ਪੜ੍ਹਨ ਕੌਸ਼ਲ

**(PART–I : Reading Skill)** *10*

***ਨੋਟ:*** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ ਦੇ ਆਧਾਰ 'ਤੇ ਦਿਉ ।*

**1.** ਪਸ਼ੂ–ਮਨੁੱਖ ਦਾ ਸਾਥੀ ਵੀ ਹੈ ਤੇ ਜੇ ਡਾਰਵਿਨ ਦੇ ਵਿਕਾਸ–ਸਿਧਾਂਤ ਨੂੰ ਸੱਚ ਮੰਨ ਲਿਆ ਜਾਵੇ, ਤਾਂ ਮਨੁੱਖ ਦਾ ਵੱਡਾ–ਵਡੇਰਾ ਵੀ । ਅਸੀਂ ਪਸ਼ੂਆਂ ਨੂੰ ਆਪਣੇ ਤੋਂ ਹੀਣੇ ਤੇ ਨੀਵੇਂ ਗਿਣਦੇ ਹਾਂ ਤੇ ਏਸ ਦੇ ਕਈ ਚੰਗੇ ਠੋਸ ਕਾਰਨ ਵੀ ਹਨ । ਪਸ਼ੂ ਸਾਡੇ ਵਾਂਗ ਬੋਲ ਨਹੀਂ ਸਕਦੇ, ਸੋਝੀ ਨਹੀਂ ਰਖਦੇ, ਅੱਗਾ ਪਿੱਛਾ ਨਹੀਂ ਸੋਚ ਸਕਦੇ, ਮਾਨਸਕ ਗੁਣ, ਜਿਵੇਂ ਵਿਚਾਰ, ਗਿਆਨ, ਦਇਆ, ਸੰਤੋਖ, ਸੰਜਮ ਆਦਿ ਉਨ੍ਹਾਂ ਵਿੱਚ ਨਹੀਂ ਹੁੰਦੇ । ਮਨੁੱਖ, ਪਸ਼ੂ ਨੂੰ ਆਪਣਾ ਬੰਦੀਵਾਨ ਬਣਾ ਸਕਦਾ ਹੈ, ਉਸ ਦਾ ਸੰਘਾਰ ਕਰ ਸਕਦਾ ਹੈ, ਉਸ ਨੂੰ ਵਾਹ ਵਰਤ ਸਕਦਾ ਹੈ ਤੇ ਆਪਣੀ ਚਤੁਰਾਈ ਨਾਲ ਉਸ ਉਪਰ ਪੂਰੀ ਤਰ੍ਹਾਂ ਅਧਿਕਾਰੀ ਹੈ, ਭਾਵੇਂ ਨਿਰੇ ਸਰੀਰਕ ਬਲ ਵਿੱਚ ਉਸ ਦੇ ਮੁਕਾਬਲੇ ਵਿੱਚ ਨਿਰਬਲ ਹੈ । ਕਈ ਪਸ਼ੂ, ਜਿਵੇਂ ਘੋੜਾ, ਗਾਂ, ਊਠ, ਭੇਡ, ਬੱਕਰੀ ਤੇ ਕੁੱਤਾ ਆਦਿ, ਸੈਂਕੜੇ ਪੀੜ੍ਹੀਆਂ ਤੋਂ ਮਨੁੱਖ ਦੇ ਅਧੀਨ ਚਲੇ ਆਉਣ ਕਰਕੇ ਹੁਣ ਉਸ ਦੀ ਸਰਦਾਰੀ ਨੂੰ ਪੂਰੀ ਤਰ੍ਹਾਂ ਮੰਨ ਚੁਕੇ ਹਨ । ਜਿਸ ਕਿੱਲੇ ਉਤੇ ਉਹ ਬੰਨਦਾ ਹੈ, ਉਥੇ ਬੱਝੇ ਰਹਿੰਦੇ ਹਨ, ਜੋ ਦੇਵੇ ਸੋ ਖਾਂਦੇ ਹਨ ਤੇ ਇਹ ਵੀ ਕਿਸੇ ਨਾਂਹ–ਨੁੱਕਰ ਤੋਂ ਬਿਨਾਂ । ਕਈ ਹੋਰ ਜਾਨਵਰ ਜਿਨ੍ਹਾਂ ਨੂੰ ਮਨੁੱਖਾਂ ਦਾ ਜੋੜ ਘੱਟ ਪ੍ਰਾਪਤ ਹੋਇਆ ਹੈ, ਮਨੁੱਖ ਦੀ ਸੰਗਤ ਤੋਂ ਭੈ ਖਾਂਦੇ ਹਨ, ਘਿਰਨਾ ਕਰਦੇ ਹਨ ਤੇ ਮਨੁੱਖ ਦਾ ਮੁਕਾਬਲਾ ਕਰਦੇ ਹਨ । ਹਾਥੀ ਮਨੁੱਖ ਦੇ ਵੱਸ ਵਿੱਚ ਬੜਿਆਂ ਅਡੰਬਰਾਂ ਨਾਲ ਆਉਂਦਾ ਹੈ ।

(i) ਪਸ਼ੂ ਕਿਸ ਨੂੰ ਆਪਣਾ ਮਾਲਿਕ ਮੰਨ ਚੁੱਕੇ ਹਨ ਅਤੇ ਕਿਵੇਂ ?

(ii) ਮਨੁੱਖ ਨੇ ਪਸ਼ੂਆਂ ਨੂੰ ਕਿਵੇਂ ਆਪਣੇ ਅਧੀਨ ਕੀਤਾ ?

(iii) ਮਨੁੱਖ ਪਸ਼ੂਆਂ ਨੂੰ ਆਪਣੇ ਤੋਂ ਨਿਗੁਣਾ ਕਿਉਂ ਸਮਝਦਾ ਹੈ ? ਵਿਸਤਾਰ ਸਹਿਤ ਦੱਸੋ ।

(iv) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ । *2+2+2+1=7*



Download from www.MsEducationTv.com

2. ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ !
ਜਿਵੇਂ ਫੁੱਲਾਂ ਅੰਦਰ, ਫੁੱਲ ਗੁਲਾਬ ਨੀ ਸਈਓ !
ਰਲਮਿਲ ਬਾਗ਼ੀਂ ਪੀਘਾਂ ਝੂਟਣ, ਕੁੜੀਆਂ ਨਾਗਰ ਵੇਲਾਂ ।
ਜੋਸ਼ ਜਵਾਨੀ ਠਾਠਾਂ ਮਾਰੇ, ਲਿਸ਼ਕਣ ਹਾਰ ਹਮੇਲਾਂ ।
ਪਹਿਨਣ ਹੀਰੇ ਮੋਤੀ, ਮੁਖ ਮਤਾਬ ਨੀ ਸਈਓ !
ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਈਓ !

(i) ਪੰਜਾਬ ਦੀ ਤੁਲਣਾ ਕਿਸ ਨਾਲ ਕੀਤੀ ਗਈ ਹੈ ?

(ii) ਪੀਂਘ ਉੱਤੇ ਕੌਣ ਝੂਟੇ ਲੈਂਦਾ ਹੈ ?

(iii) ਉਪਰੋਕਤ ਕਾਵਿ-ਟੁੱਕੜੀ ਵਿੱਚ ਕਿਸ ਦੀ ਪ੍ਰਸੰਸਾ ਕੀਤੀ ਗਈ ਹੈ ? *3×1=3*

## ਭਾਗ–II : ਵਿਆਕਰਨ

## (PART–II : Grammar) *20*

3. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ :

(a) ਪਰਦੇਸ – ਦੇਸ (b) ਆਈ – ਚਲਾਈ

(c) ਸਹੁਰਾ – ਸੱਸ (d) ਚਾਕਰ – ਨੌਕਰ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕਾਂਸ਼ਾਂ ਦੇ ਆਧਾਰ 'ਤੇ ਬਣਿਆ ਸਮਾਸੀ ਹੈ ?

(a) ਟੇਢਾ – ਮੇਢਾ (b) ਭੁੱਖ – ਨੰਗ

(c) ਵੇਲਾ – ਕੁਵੇਲਾ (d) ਜੱਗ – ਬੀਤੀ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਾਰਥਕ ਤੇ ਨਿਰਾਰਥਕ ਸ਼ਬਦਾਂ ਦੇ ਸਮੇਲ ਤੋਂ ਬਣਿਆ ਸਮਾਸੀ ਹੈ ?

(a) ਡੀਲ – ਡੌਲ (b) ਸਹਿਜ – ਸੁਭਾਅ

(c) ਲੈਣਾ – ਦੇਣਾ (d) ਖੋਜ – ਵਿਧੀ

(iv) 'ਅੱਗੇ-ਪਿੱਛੇ' ਸਮਾਸੀ ਲਈ ਸਹੀ ਸ਼ਬਦ ਸਮੂਹ ਚੁਣੋ :

(a) ਪਿੱਛੇ ਤੋਂ ਅੱਗੇ (b) ਅੱਗੇ ਤੋਂ ਪਿੱਛੇ

(c) ਅੱਗੇ ਉੱਤੇ ਪਿੱਛੇ (d) ਅੱਗੇ ਅਤੇ ਪਿੱਛੇ



Download from www.MsEducationTv.com

(v) ਦੁਹਰਾਵੇਂ ਸ਼ਬਦਾਂ ਵਾਲਾ ਸਮਾਸੀ ਕਿਹੜਾ ਹੈ ?

(a) ਧੋਬੀ – ਘਾਟ (b) ਬਾਲ – ਵਿਆਹ

(c) ਗੱਲਾਂ – ਗੱਲਾਂ (d) ਵਾਕ – ਵੰਡ

**4.** ਬਹੁ–ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) ਹੇਠ ਲਿਖਿਆਂ ਵਿੱਚੋਂ 'ਟਿੱਕੀ' ਸ਼ਬਦ ਦਾ ਬਹੁ–ਅਰਥਕ ਸ਼ਬਦ ਕਿਹੜਾ ਹੈ ?

(a) ਠੱਪਾ (b) ਟੁੱਕੜੀ

(c) ਤਰਨਾ (d) ਪਾਸ ਹੋਣਾ

(ii) 'ਨਾਲ' ਸ਼ਬਦ ਦਾ ਇਕ ਅਰਥ 'ਸਾਥ' ਹੈ, ਇਸ ਦਾ ਦੂਜਾ ਅਰਥ ਕਿਹੜਾ ਹੈ ?

(a) ਬਿਰਤੀ (b) ਭਾਅ

(c) ਪਧਰੀ (d) ਨਲੀ

(iii) 'ਵੱਟ' ਸ਼ਬਦ ਦੇ ਬਹੁ–ਅਰਥਕ ਸ਼ਬਦ ਚੁਣੋ :

(a) ਮਾਰਨਾ, ਫੇਰੇ (b) ਮਾਲ, ਵਾਗ

(c) ਗੁੱਸਾ, ਕਮਾਉਣਾ (d) ਸਾੜਨਾ, ਖ਼ੁਸ਼ਾਮਦ

(iv) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਫੁੱਲ' ਸ਼ਬਦ ਦਾ ਬਹੁ–ਅਰਥਕ ਹੈ ?

(a) ਮੋਟਾ ਹੋਣਾ (b) ਅਜੋੜਤਾ

(c) ਤਾਰਨਾ (d) ਤੋੜਨਾ

(v) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਵਾਰ' ਸ਼ਬਦ ਦਾ ਬਹੁ–ਅਰਥਕ ਨਹੀਂ ਹੈ ?

(a) ਵਾਰੀ (b) ਦਿਨ

(c) ਹਮਲਾ (d) ਤਰੀਕਾ

**5.** ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ***ਚਾਰ*** (any ***four***) ਹੱਲ ਕਰੋ) *4×1=4*

(i) ਜਿਹੜੇ ਸ਼ਬਦਾਂ ਤੋਂ ਕਿਰਿਆ ਦੇ ਕੰਮ ਦੀ ਥਾਂ ਦਾ ਪਤਾ ਲੱਗੇ ਉਸ ਨੂੰ ਕਿਹੜਾ ਕਿਰਿਆ–ਵਿਸ਼ੇਸ਼ਣ ਕਿਹਾ ਜਾਂਦਾ ਹੈ ?

(a) ਪ੍ਰਕਾਰ–ਵਾਚਕ ਕਿਰਿਆ–ਵਿਸ਼ੇਸ਼ਣ

(b) ਨਿਰਨਾ–ਵਾਚਕ ਕਿਰਿਆ–ਵਿਸ਼ੇਸ਼ਣ

(c) ਸਥਾਨ–ਵਾਚਕ ਕਿਰਿਆ–ਵਿਸ਼ੇਸ਼ਣ

(d) ਕਾਰਨ–ਵਾਚਕ ਕਿਰਿਆ–ਵਿਸ਼ੇਸ਼ਣ



Download from www.MsEducationTv.com

(ii) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(a) ਬਹੁਤਾ, ਥੋੜ੍ਹਾ, ਕਿੰਨਾ

(b) ਹੁਣ, ਜਦੋਂ, ਕੁਵੇਲੇ

(c) ਕਿਉਂਕਿ, ਇਸ ਲਈ, ਸੋ

(d) ਇੱਕ-ਇੱਕ, ਕਈ-ਵਾਰੀ, ਘੜੀ-ਮੁੜੀ

(iii) ਹੇਠ ਲਿਖਿਆਂ ਵਿੱਚੋਂ ਕਾਰਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(a) ਇਸ ਲਈ (b) ਉੱਪਰ

(c) ਥੋੜ੍ਹਾ (d) ਬਿਲਕੁੱਲ

(iv) 'ਮੈਂ ਕੁਲਦੀਪ ਨੂੰ ਨਹੀਂ ਪਛਾਣਦਾ' ਵਾਕ ਵਿੱਚੋਂ ਕਿਹੜਾ ਸ਼ਬਦ ਕਿਰਿਆ-ਵਿਸ਼ੇਸ਼ਣ ਹੈ ?

(a) ਪਛਾਣਦਾ (b) ਨਹੀਂ

(c) ਨੂੰ (d) ਮੈਂ

(v) ਭਾਰਤ ਨੇ ਮੈਚ ਵਿੱਚ ਦੂਜੇ ਦੇਸ ਨੂੰ __________ ਹਰਾਇਆ ।
ਵਾਕ ਵਿਚਲੇ ਖਾਲੀ ਸਥਾਨ ਨੂੰ ਭਰਨ ਲਈ ਢੁੱਕਵਾਂ ਕਿਰਿਆ-ਵਿਸ਼ੇਸ਼ਣ ਚੁਣੋ –

(a) ਹਾਂ ਜੀ (b) ਉੱਪਰ

(c) ਕਈ ਵਾਰ (d) ਹੇਠਾਂ

**6.** ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) *2+2=4*

(i) ਹੇਠ ਲਿਖਿਆਂ ਵਿੱਚੋਂ ਕੋਈ ***ਦੋ*** ਅਗੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ :
ਪੁਨਰ, ਮਹਾਂ, ਲਾ

(ii) ਹੇਠ ਲਿਖਿਆਂ ਵਿੱਚੋਂ ਕੋਈ ***ਦੋ*** ਪਿਛੇਤਰ ਵਰਤ ਕੇ ਦੋ-ਦੋ ਸ਼ਬਦ ਬਣਾਓ :
ਆਸ, ਈਲਾ, ਸਾਜ਼



Download from www.MsEducationTv.com

**7.** ਮੁਹਾਵਰੇ : ਹੇਠ ਲਿਖਿਆਂ ਵਿੱਚੋਂ ਕੋਈ ***ਚਾਰ*** (any ***four***) ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਜ਼ਬਾਨ ਖੁੱਲਣੀ

(ii) ਜੁੱਤੀਆਂ ਭਿਓਂ-ਭਿਓਂ ਮਾਰਨੀਆਂ

(iii) ਜੰਗਲ ਵਿੱਚ ਮੰਗਲ ਹੋਣਾ

(iv) ਝੱਟ ਟਪਾਉਣਾ

(v) ਚਿੜੀ ਨਾ ਫੜਕਣੀ

(vi) ਘੜੀਆਂ-ਪਲਾਂ 'ਤੇ ਹੋਣਾ

(vii) ਗਿਰਗਿਟ ਵਾਂਗ ਰੰਗ ਬਦਲਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ

## (PART-III : Writing Skill) *20*

**8.** ਹੇਠ ਲਿਖਿਆਂ ਵਿਚੋਂ ਕਿਸੇ ***ਇੱਕ*** ਵਿਸ਼ੇ ਉਤੇ 200 ਸ਼ਬਦਾਂ ਦਾ ਇੱਕ ਲੇਖ ਲਿਖੋ : *8*

(i) ਜੇ ਮੈਂ ਪ੍ਰਿੰਸੀਪਲ ਹੁੰਦਾ

ਨੁਕਤੇ – ਸਕੂਲ ਨੂੰ ਆਦਰਸ਼ ਬਣਾਉਣਾ ....... ਵਿਦਿਆਰਥੀਆਂ ਤੇ ਅਧਿਆਪਕਾਂ ਦਰਮਿਆਨ ਤਾਲਮੇਲ ....... ਯੋਗਤਾ ਅਨੁਸਾਰ ਤਨਖਾਹ ....... ਮੁਕਾਬਲੇਬਾਜੀ ਦਾ ਵਿਕਾਸ ....... ਗਰੀਬ ਵਿਦਿਆਰਥੀਆਂ ਦੀ ਸਹਾਇਤਾ ....... ਨਕਲ ਦਾ ਖ਼ਾਤਮਾ ....... ।

(ii) ਵਿਸ਼ਵੀਕਰਨ

ਨੁਕਤੇ – ਜਾਣ-ਪਛਾਣ ....... ਵਿਸ਼ਵੀਕਰਨ ਦੀ ਜ਼ਰੂਰਤ ....... ਵਰਤਮਾਨ ਸਥਿਤੀ ....... ਵਿਸ਼ਵੀਕਰਨ ਦੇ ਲਾਭ ....... ਹਾਨੀ ....... ਕਬਜ਼ੇ ਦੀ ਭਾਵਨਾ ....... ਸਮੇਂ ਦੀ ਲੋੜ ....... ।

(iii) ਕਿਰਤ ਦੀ ਮਹਾਨਤਾ

ਨੁਕਤੇ – ਭੂਮਿਕਾ ....... ਅਰਥ ....... ਧਰਮਾਂ ਅਨੁਸਾਰ ਕਿਰਤ ਦੀ ਮਹਾਨਤਾ ....... ਕਿਰਤੀ ਦੇ ਗੁਣ ....... ਭ੍ਰਿਸ਼ਟ ਤੇ ਵਿਹਲੇ ਲੋਕ ....... ਦੇਸ਼ ਨੂੰ ਮਹਾਨ ਬਣਾਉਣ ਵਿੱਚ ਕਿਰਤ ਦਾ ਯੋਗਦਾਨ ....... ਸਾਰੰਸ਼ ।



Download from www.MsEducationTv.com

**9.** ਆਪਣੇ ਇਲਾਕੇ ਵਿੱਚ ਹੋ ਰਹੀਆਂ ਚੋਰੀ ਦੀਆਂ ਵਾਰਦਾਤਾਂ ਨੂੰ ਠੱਲ੍ਹ ਪਾਉਣ ਲਈ ਪੁਲਿਸ–ਕਮਿਸ਼ਨਰ ਨੂੰ ਸ਼ਿਕਾਇਤੀ ਪੱਤਰ ਲਿਖੋ । *7*


(a) ਨੁਕਤੇ : ਵਿਸ਼ਾ ....... ਇਲਾਕੇ ਦਾ ਨਾਂ ....... ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ....... ਸਕੂਟਰ ਤੇ ਕਾਰ ਚੋਰੀ ਦੀਆਂ ਘਟਨਾਵਾਂ ਆਮ ....... ਲੋਕਾਂ ਦਾ ਜੀਣਾ ਮੁਸ਼ਕਿਲ ....... ਇਲਾਕੇ ਵਿੱਚ ਗਸ਼ਤ ਵਧਾਉਣ ਦੀ ਬੇਨਤੀ ....... ।

**ਜਾਂ (OR)**

(b) ਸਕੂਲ ਦੇ ਪ੍ਰਿੰਸੀਪਲ ਨੂੰ ਆਪਣੇ ਵੱਡੇ ਭਰਾ ਦੇ ਵਿਆਹ ਉੱਤੇ ਇੱਕ ਹਫ਼ਤੇ ਦੀਆਂ ਛੁੱਟੀਆਂ ਲੈਣ ਲਈ ਬੇਨਤੀ ਪੱਤਰ ਲਿਖੋ ।

ਨੁਕਤੇ : ਵਿਆਹ ਦੀ ਤਾਰੀਕ ....... ਪਿਤਾ ਤੇ ਹੋਰ ਮੈਂਬਰਾ ਦੇ ਰੁੱਝੇ ਹੋਣ ਦਾ ਹਵਾਲਾ ....... ਜ਼ਿੰਮੇਵਾਰੀ ....... ਪ੍ਰਬੰਧ ਕਰਨ ਵਿੱਚ ਮਦਦ ਲਈ ਛੁੱਟੀ ਜ਼ਰੂਰੀ ....... ਛੁੱਟੀਆਂ ਦਾ ਨਿਸ਼ਚਿਤ ਸਮਾਂ .......

**10.** ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ : *5*



***ਨੋਟ:*** *ਇਹ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਨ ਵਿਦਿਆਰਥੀਆਂ ਲਈ ਹੈ ।*

ਆਪਣੇ ਇਲਾਕੇ ਦੇ ਪੁਲਿਸ ਅਧਿਕਾਰੀ ਨੂੰ ਸੜਕਾਂ ਦੀ ਹਾਲਤ ਸੁਧਾਰਨ ਲਈ ਇੱਕ ਪੱਤਰ ਲਿਖੋ ।



Download from www.MsEducationTv.com

## ਭਾਗ–IV : ਪਾਠ–ਪੁਸਤਕ ’ਤੇ ਆਧਾਰਿਤ ਪ੍ਰਸ਼ਨ

## (PART–IV : Text-Book Based Questions) *30*

**11.** ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** (any ***five***) ਹੱਲ ਕਰੋ) *5×1=5*

(i) ਘਰ ਦੇ ਪਿਆਰ ਤੋਂ ਬਿਨਾਂ ਜ਼ਿੰਦਗੀ ਕਿਹੋ ਜਿਹੀ ਹੁੰਦੀ ਹੈ ?

(a) ਖੁਸ਼ਹਾਲ

(b) ਸਫ਼ਲ

(c) ਕੋਰੀ ਜਿਹੀ

(d) ਆਨੰਦਮਈ

(ii) ‘ਲਫ਼ਜ਼’ ਕੀ ਹੁੰਦੇ ਹਨ ?

(a) ਦਿਲ ਦੀ ਦੌਲਤ ਦੀਆਂ ਮੁਹਰਾਂ

(b) ਸੋਨਾ

(c) ਚਾਂਦੀ

(d) ਪਿੱਤਲ

(iii) ਖ਼ਾਲਸਾ ਟ੍ਰੈਕਟ ਸੁਸਾਇਟੀ ਵੱਲੋ ਛਾਪੇ ਗਏ ਪਹਿਲੇ ‘ਟ੍ਰੈਕਟ’ ਦਾ ਕੀ ਨਾਂ ਹੈ ?

(a) ਲਹਿਰਾਂ ਦੇ ਹਾਰ

(b) ਪ੍ਰਾਰਥਨਾ

(c) ਬਿਜਲੀਆਂ ਦੇ ਹਾਰ

(d) ਅਰਦਾਸ

(iv) ਜੰਗ ਤੋਂ ਮਗਰੋਂ ਖਰਚਣ ਲਈ ਕੀ ਮਿਲਦਾ ਸੀ ?

(a) ਰੁਪਈਆ

(b) ਚੁੱਵਨੀ

(c) ਅੱਠਨੀ

(d) ਧੇਲਾ

(v) ਅਮਰੀਕ ਸਿੰਘ ਨੂੰ ਰਿਆਇਤ ਕਿਸ ਨੇ ਦਿੱਤੀ ਸੀ ?

(a) ਗੁਆਢੀਆਂ ਨੇ

(b) ਸ਼ਰੀਕਾਂ ਨੇ

(c) ਸੁਸਾਇਟੀ ਦੇ ਇੰਸਪੈਕਟਰ ਨੇ

(d) ਘਰਦਿਆਂ ਨੇ



Download from www.MsEducationTv.com

(vi) ਮਾਨ ਸਿੰਘ ਕੌਣ ਸੀ ?

(a) ਫ਼ੌਜੀ

(b) ਮਾਸਟਰ

(c) ਮੈਨੇਜਰ

(d) ਪ੍ਰੋਫ਼ੈਸਰ

**12.** ਕਵਿਤਾ ਤੇ ਇਕਾਂਗੀ ਵਿੱਚੋਂ (ਕੋਈ ***ਪੰਜ*** (any ***five***) ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ) : *5×1=5*

(i) 'ਜਹਾਨ ਪਨਾਹ, ਜਲਦੀ ਆਪਣੇ ਦਿਮਾਗ ਦਾ ਭਾਰ ਹੌਲਾ ਕਰੋ' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(ii) ਆਲਮਗੀਰ ਦਾ ਖਿਤਾਬ ਕਿਸ ਨੂੰ ਮਿਲਿਆ ਸੀ ?

(iii) 'ਚੱਲ ਏਵੇਂ ਸਈ, ਮੈਂ ਹੀ ਕਹਿੰਦੀ ਸਈ ਮੁੰਡੇ ਨੂੰ ਵਿਆਹ ਕਰਾਉਣ ਨੂੰ ਦੂਜਾ । ਮੇਰਾ ਕੀ ਵੱਗ ਨਾ ਛਿੜਨ ਦੇਵੇਂਗੀ ਤੂੰ ?' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(iv) 'ਭੰਡਿ' ਕਿਸ ਨੂੰ ਕਿਹਾ ਗਿਆ ਹੈ ?

(v) ਗੁਰੂ ਅਮਰਦਾਸ ਜੀ ਨੇ ਪਰਮਾਤਮਾ ਤੋਂ ਕਿਸ ਦੀ ਮੰਗ ਕੀਤੀ ਹੈ ?

(vi) 'ਗੁਰਿ ਪੂਰੈ ਵਜੀ ਵਧਾਈ' ਤੋਂ ਕੀ ਭਾਵ ਹੈ ?

(vii) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਵਿੱਚ 'ਸਰਕਾਰ' ਕਿਸ ਨੂੰ ਕਿਹਾ ਗਿਆ ਹੈ ?

**13.** ਕਹਾਣੀ ਤੇ ਇਕਾਂਗੀ ਵਿੱਚੋਂ (ਕੋਈ ***ਚਾਰ*** (any ***four***) ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਉ) : *4×2=8*

(i) ਨਸ਼ਿਆਂ ਕਾਰਨ ਕਰਤਾਰ ਸਿੰਘ ਦਾ ਕੀ ਹਾਲ ਹੋਇਆ ? ਇਸ ਸਭ ਦਾ ਅਮਰੀਕ ਸਿੰਘ ਤੇ ਕੀ ਅਸਰ ਆਇਆ ?

(ii) 'ਧਰਤੀ ਹੇਠਲਾ ਬਲਦ' ਵਿੱਚ ਪੇਸ਼ ਸਮੱਸਿਆ ਬਾਰੇ ਲਿਖੋ ।

(iii) 'ਕੁਲਫ਼ੀ' ਕਹਾਣੀ ਵਿੱਚ ਇਕ ਮੁਲਾਜ਼ਮ ਦੀ ਆਰਥਿਕ ਹਾਲਤ ਕਿਵੇਂ ਪੇਸ਼ ਹੋਈ ਹੈ ?

(iv) ਸੰਤ ਸਿੰਘ ਸੇਖੋਂ ਨੇ ਆਪਣੇ ਇਕਾਂਗੀ ਵਿੱਚ ਭਾਰਤੀ ਸੱਭਿਆਚਾਰ ਦਾ ਕਿਹੋ-ਜਿਹਾ ਰੂਪ ਪੇਸ਼ ਕੀਤਾ ਹੈ ?

(v) ਮਨਜੀਤ ਦਾ ਆਪਣੀ ਸੱਸ ਨਾਲ ਵਿਹਾਰ ਕਿਸ ਤਰ੍ਹਾਂ ਦਾ ਹੈ ?



Download from www.MsEducationTv.com

14. ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (a) ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਕੀ ਹੋਇਆ ?

**ਜਾਂ (OR)**

(b) ਗੁਰੂ ਅਮਰਦਾਸ ਜੀ ਨੇ ਪਰਮਾਤਮਾ ਤੋਂ ਕਿਹੜੀ ਬਖ਼ਸ਼ਸ਼ ਮੰਗੀ ਹੈ ? 'ਕਿਰਪਾ ਕਰਿ ਕੈ ਬਖਸਿ ਲੈਹੁ' ਰਚਨਾ ਦੇ ਆਧਾਰ 'ਤੇ 50 ਤੋਂ 60 ਸ਼ਬਦਾਂ ਵਿੱਚ ਉੱਤਰ ਦਿਓ ।

(ii) (a) ਗੁਰਬਖ਼ਸ਼ ਸਿੰਘ ਨੇ ਆਪਣੇ ਲੇਖ 'ਬੋਲੀ' ਰਾਹੀਂ ਆਮ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਦੱਸਿਆ ਹੈ ?

**ਜਾਂ (OR)**

(b) ਅਰਦਾਸ ਕਦੋਂ ਤੇ ਕਿਉਂ ਕੀਤੀ ਜਾਂਦੀ ਹੈ ?

15. ਇਕਾਂਗੀ ਵਿੱਚੋਂ (ਕਿਸੇ ***ਇੱਕ*** ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *4*

(i) ਨਿਹਾਲ ਕੌਰ ਦਾ ਆਪਣੀ ਨੂੰਹ ਪ੍ਰਤੀ ਕਿਸ ਤਰ੍ਹਾਂ ਦਾ ਰੱਵਈਆ ਹੈ ?

(ii) 'ਜ਼ਫਰਨਾਮੇ' ਦੇ ਔਰੰਗਜ਼ੇਬ 'ਤੇ ਪਏ ਪ੍ਰਭਾਵ ਨੂੰ ਦੇਖ ਕੇ ਅਸਦ ਖ਼ਾਨ ਔਰੰਗਜ਼ੇਬ ਦੇ ਪੁੱਛਣ 'ਤੇ ਕੀ ਸਲਾਹ ਦਿੰਦਾ ਹੈ ?



Download from www.MsEducationTv.com